## ਦਫ਼ਤਰ ਜ਼ਿਲ੍ਹਾ ਚੋਣ ਅਫਸਰ, ਬਠਿੰਡਾ

**OFFICE DISTRICT ELECTION OFFICER, BATHINDA**

(Room No. 303, 2nd Floor Mini Secretariat)

Phone No. 0164-2211022 E-mail :-etbtd@punjab.gov.in


PUNJAB VOTES

ਵੱਲ

ਜਿਲ੍ਹਾ ਸਿੱਖਿਆ ਅਫਸਰ(ਸੈਕੰਡਰੀ)
ਬਠਿੰਡਾ।

ਪੱਤਰ ਨੰ. ਚੋਣ-2022/ 5645
ਮਿਤੀ: 26-07-2022

ਵਿਸ਼ਾ: ਸਵੀਪ ਪ੍ਰੋਗਰਾਮ ਅਧੀਨ ਕਰਵਾਏ ਵੈਬੀਨਾਰ ਵਿੱਚ ਘੱਟ ਭਾਗੀਦਾਰੀ ਹੋਣ ਸਬੰਧੀ।

ਹਵਾਲਾ: ਇਸ ਦਫਤਰ ਦਾ ਪੱਤਰ ਨੰ. ਚੋਣ-2022/5605-06 ਮਿਤੀ 20.07.2022 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਨੌਜਵਾਨ ਵਰਗ ਨੂੰ ਲੋਕਤੰਤਰਿਕ ਕਦਰਾਂ ਕੀਮਤਾਂ ਅਤੇ ਚੋਣ ਪ੍ਰਕਿਰਿਆ ਸਬੰਧੀ ਜਾਗਰੂਕ ਕਰਨ ਲਈ ਭਾਰਤ ਚੋਣ ਕਮਿਸ਼ਨ ਦੇ ਸਵੀਪ ਪ੍ਰੋਗਰਾਮ ਅਧੀਨ ਇਸ ਦਫਤਰ ਵਲੋ ਮਿਤੀ 24-07-2022 ਨੂੰ ਇੱਕ ਵੈਬੀਨਾਰ ਦਾ ਆਯੋਜਨ ਕੀਤਾ ਗਿਆ ਸੀ। ਇਸ ਵੈਬੀਨਾਰ ਵਿੱਚ ਸਮੂਹ ਚੋਣ ਸਾਖਰਤਾ ਕਲੱਬਾਂ ਦੇ ਨੋਡਲ ਅਫਸਰਾਂ ਵਲੋ ਭਾਗ ਲਿਆ ਜਾਣਾ ਸੀ ਪਰੰਤੂ ਇਸ ਵੈਬੀਨਾਰ ਵਿੱਚ ਕੇਵਲ 68 ਨੋਡਲ ਅਫਸਰਾਂ ਵਲੋ ਹੀ ਭਾਗ ਲਿਆ ਗਿਆ, ਜਦਕਿ ਜਿਲ੍ਹੇ ਅਧੀਨ ਹਾਈ ਅਤੇ ਸੀਨੀਅਰ ਸੈਕੰਡਰੀ ਸਰਕਾਰੀ ਸਕੂਲਾਂ ਵਿੱਚ ਚੋਣ ਸਾਖਰਤਾ ਕਲੱਬਾਂ ਦੀ ਗਿਣਤੀ 204 ਹੈ। ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕਰ ਦਿੱਤੀ ਜਾਵੇ ਕਿ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਸਵੀਪ ਪ੍ਰੋਗਰਾਮ ਵਿੱਚ ਚੋਣ ਸਾਖਰਤਾਂ ਕਲੱਬ ਦੇ ਨੋਡਲ ਅਫਸਰਾਂ ਦੀ 100 ਪ੍ਰਤੀਸਤ ਸਮੂਲੀਅਤ ਜਰੂਰੀ ਬਣਾਈ ਜਾਵੇ।

ਵਾਸਤੇ ਜਿਲ੍ਹਾ ਚੋਣ ਅਫਸਰ
ਬਠਿੰਡਾ।

ਪਿੱਠ ਅੰਕਣ ਨੰ. ਚੋਣ-2022/ 5646 ਮਿਤੀ: 26/07/2022

ਉਪਰੋਕਤ ਦਾ ਉਤਾਰਾ ਸਹਾਇਕ ਨੋਡਲ ਅਫਸਰ ਸਵੀਪ ਬਠਿੰਡਾ ਸ਼੍ਰੀ ਸੁਰੇਸ਼ ਗੌੜ ਜੀ ਨੂੰ ਜਾਣਕਾਰੀ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾਸਤੇ ਜਿਲ੍ਹਾ ਚੋਣ ਅਫਸਰ
ਬਠਿੰਡਾ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਕੀ.ਪੀ.( )2022/182
ਮਿਤੀ 5/08/2022

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ।